# ਜਿਲ੍ਹਾ ਪੁਲਿਸ ਕੇਡਰ ਦੇ ਕ੍ਰਮਚਾਰੀਆਂ ਦੇ ਮਿਤੀ 11-04-2021 ਨੂੰ ਲਏ ਗਏ ਬੀ.ਪੀ.ਟੀ-2021 ਅਤੇ ਸਰਵਿਸ ਰਿਕਾਰਡ ਦੇ ਪ੍ਰੋਵੀਜੀਨਲ ਅੰਕਾਂ ਸਬੰਧੀ।

## ਨੋਟਿਸ

ਹਵਾਲਾ ਇਸ ਦਫਤਰ ਵੱਲੋ ਜਾਰੀ ਕੀਤੇ ਗਏ ਨੋਟਿਸ ਨੰ: 250/ਬੀ.ਪੀ.ਟੀ-2021 ਮਿਤੀ 11-04-2021 ਅਤੇ ਪੱਤਰ ਨੰਬਰ 24833/ਬੀ.ਪੀ.ਟੀ-2021 ਮਿਤੀ 18-04-2021 ਦੀ ਲੜੀ ਵਿੱਚ ।

2) ਜਿਲ੍ਹਾ ਪੁਲਿਸ ਕੇਡਰ ਦੇ ਕ੍ਰਮਚਾਰੀਆਂ ਵੱਲੋ ਮਿਤੀ 11-04-2021 ਨੂੰ ਦਿੱਤੇ ਗਏ ਬੀ.ਪੀ.ਟੀ.-2021 ਦੀਆਂ ਓ.ਐਮ.ਆਰ. ਸ਼ੀਟਾਂ ਚੈਕ ਕਰਨ ਉਪਰੰਤ, ਉਹਨਾਂ ਦੇ ਬੀ.ਪੀ.ਟੀ.-2021 ਵਿੱਚ ਹਾਸਿਲ ਕੀਤੇ ਗਏ ਅੰਕ ਅਤੇ ਸਰਵਿਸ ਰਿਕਾਰਡ ਦੇ ਅੰਕਾਂ ਦਾ ਵੇਰਵਾ ਇਸ ਵੈਬਸਾਈਟ ਪਰ ਅਪਲੋਡ ਕੀਤਾ ਗਿਆ ਹੈ।

3) ਡਾਇਰੈਕਟਰ ਜਨਰਲ ਪੁਲਿਸ, ਪੰਜਾਬ ਚੰਡੀਗੜ੍ਹ ਜੀ ਵੱਲੋਂ ਬੀ.ਪੀ.ਟੀ. ਸਬੰਧੀ ਜਾਰੀ ਸਥਾਈ ਹੁੱਕਮ ਨੰਬਰ 12/2010 ਵਿੱਚ ਦਰਜ ਉਪਬੰਧਾਂ ਮੁਤਾਬਿਕ ਬੀ.ਪੀ.ਟੀ.-2021 ਵਿੱਚ ਪਾਸ ਅੰਕ 50% ਹਨ । ਇਸ ਲਈ ਜਿਹੜੇ ਕ੍ਰਮਚਾਰੀਆਂ ਨੇ ਉਕਤ ਟੈਸਟ ਵਿੱਚ 47.50 (50%) ਤੋਂ ਘੱਟ ਅੰਕ ਪ੍ਰਾਪਤ ਕੀਤੇ ਹਨ, ਉਹ ਫਾਈਨਲ ਮੈਰਿਟ ਵਿੱਚ ਵਿਚਾਰਨਯੋਗ ਨਹੀ ਹਨ।

4) ਜੇਕਰ ਕੋਈ ਕ੍ਰਮਚਾਰੀ ਆਪਣੇ ਬੀ.ਪੀ.ਟੀ.-2021 ਦੇ ਅੰਕਾਂ ਸਬੰਧੀ ਕੋਈ ਸੋਧ ਕਰਵਾਉਣੀ ਚਾਹੁੰਦਾ ਹੈ ਤਾਂ ਉਹ ਆਪਣੀ ਲਿਖਤੀ ਪ੍ਰਤੀਬੇਨਤੀ ਮਿਤੀ 23-04-2021 (ਸ਼ਾਮ 05 ਵਜੇ ਤੱਕ) ਹੇਠ ਲਿਖੇ ਅਨੁਸਾਰ ਭੇਜ ਸਕਦਾ ਹੈ :

ੳ) ਈਮੇਲ ਐਡਰੈਸ **sp.rtc.pap.police@punjab.gov.in** ਪਰ ਸਮੇਤ ਆਪਣੀ ਲਿਖਤੀ ਪ੍ਰਤੀਬੇਨਤੀ ਦੀ ਸਕੈਨਡ ਕਾਪੀ ਜਾਂ

ਅ) ਲਿਖਤੀ ਪ੍ਰਤੀਬੇਨਤੀ ਫੈਕਸ ਨੰ: **0181-2924367** ਪਰ ਜਾਂ

ੲ) ਲਿਖਤੀ ਪ੍ਰਤੀਬੇਨਤੀ ਨਿੱਜੀ ਤੋਰ ਪਰ ਕਮਾਂਡੈਂਟ, ਪੀਏਪੀ ਸਿਖਲਾਈ ਕੇਂਦਰ, ਜਲੰਧਰ ਦੇ ਦਫਤਰ ਵਿਖੇ ।

5) ਇਸ ਸਬੰਧ ਵਿੱਚ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 23-04-2021 ਸ਼ਾਮ 05 ਵਜੇ ਤੋਂ ਬਾਅਦ ਪ੍ਰਾਪਤ ਕੋਈ ਵੀ ਪ੍ਰਤੀਬੇਨਤੀ ਵਿਚਾਰਨਯੋਗ ਨਹੀ ਹੋਵੇਗੀ ।

ਨੋਟ : ਪ੍ਰਸ਼ਨ ਪੱਤਰ / ਉਤਰ 'ਕੀ' ਅਤੇ ਸਰਵਿਸ ਰਿਕਾਰਡ ਦੇ ਅੰਕਾਂ ਸਬੰਧੀ ਇਤਰਾਜ/ਪ੍ਰਤੀਬੇਨਤੀਆਂ ਕਮੇਟੀ ਬੀ.ਪੀ.ਟੀ.-2021 ਵੱਲੋਂ ਪਹਿਲਾਂ ਹੀ ਵਿਚਾਰੇ ਜਾ ਚੁੱਕੇ ਹਨ । ਇਸ ਲਈ ਪ੍ਰਸ਼ਨ ਪੱਤਰ / ਉਤਰ 'ਕੀ' ਜਾਂ ਸਰਵਿਸ ਰਿਕਾਰਡ ਦੇ ਅੰਕਾਂ ਸਬੰਧੀ ਕੋਈ ਵੀ ਇਤਰਾਜ/ਪ੍ਰਤੀਬੇਨਤੀ ਨਾ ਭੇਜੀ ਜਾਵੇ।

ਨੱਥੀ: ਲਿਸਟ ।

ਅਨੀਤਾ ਪੁੰਜ (signature)
20/4/21

ਚੇਅਰਮੈਨ ਕਮੇਟੀ
ਬੀ.ਪੀ.ਟੀ-2021 (ਜਿਲ੍ਹਾ ਪੁਲਿਸ ਕੇਡਰ),
-ਕਮ- ਵਧੀਕ ਡੀ.ਜੀ.ਪੀ, ਸੁਰੱਖਿਆ,
ਅਤੇ ਐਚ.ਆਰ.ਡੀ, ਪੰਜਾਬ, ਚੰਡੀਗੜ੍ਹ ।

ਨੰਬਰ 25375 /ਬੀ.ਪੀ.ਟੀ-2021, ਮਿਤੀ 20-04-21